# ਕਾਲਜ ਜਾਂ ਯੂਨੀਵਰਸਿਟੀ ਜਾਣ ਦੇ ਛੇ ਕਾਰਨ

- **ਨਵੀਂ ਸ਼ੁਰੂਆਤ:** ਨਵੇਂ ਲੋਕਾਂ ਨੂੰ ਮਿਲੋ, ਨਵੀਆਂ ਥਾਵਾਂ ਦੇਖੋ, ਨਵੇਂ ਤਜਰਬੇ ਸਿੱਖੋ, ਨਵੀਂ ਸ਼ੁਰੂਆਤ ਕਰਨ ਲਈ ਨਵੇਂ ਤਜਰਬਿਆਂ ਨੂੰ ਸਿੱਖਣ ਦਾ ਮੌਕਾ ਪ੍ਰਾਪਤ ਕਰੋ
- **ਆਜ਼ਾਦੀ:** ਜੋ ਪੜ੍ਹਨਾ ਚਾਹੁੰਦੇ ਹੋ ਪੜ੍ਹੋ, ਜਿੱਥੇ ਜਾਣਾ ਚਾਹੁੰਦੇ ਹੋ ਉਥੇ ਜਾਓ, ਇਕ ਬਾਲਗ ਦੀ ਤਰ੍ਹਾਂ ਵਰਤਾਓ ਕਰਵਾਓ ਅਤੇ ਆਪਣੇ ਆਪ ਨੂੰ ਜਵਾਬ ਦੇਣ ਯੋਗ ਹੋਵੋ
- **ਪਸੰਦੀਆਂ:** ਕੁਝ ਨਵਾਂ ਸਿਖੋ ਜਾਂ ਪਹਿਲਾਂ ਪੜ੍ਹੇ ਹੋਏ ਆਪਣੇ ਉਨ੍ਹਾਂ ਵਿਸ਼ਿਆਂ ਬਾਰੇ ਹੋਰ ਸਿੱਖੋ ਜਿਨ੍ਹਾਂ ਨੂੰ ਪੜ੍ਹ ਕੇ ਤੁਸੀਂ ਪਹਿਲਾਂ ਆਨੰਦ ਮਾਣਿਆ ਹੈ। ਤੁਹਾਡੇ ਵਾਸਤੇ ਕੋਈ ਨਾ ਕੋਈ ਕੋਰਸ ਹੈ, ਅਜਿਹੀ ਕੋਈ ਗੱਲ ਨਹੀਂ ਕਿ ਸਕੂਲ ਵਿਚ ਤੁਸੀਂ ਕੀ ਪ੍ਰਾਪਤੀਆਂ ਕੀਤੀਆਂ ਹਨ ਪਰ ਅੱਗੇ ਵਧਣ ਅਤੇ ਉੱਪਰ ਉੱਠਣ ਲਈ ਮੌਕੇ ਹਨ, ਅਜਿਹੀ ਕੋਈ ਗੱਲ ਨਹੀਂ ਕਿ ਤੁਹਾਡੀ ਸ਼ੁਰੂਆਤ ਦਾ ਪੁਆਂਇੰਟ ਕਿਹੜਾ ਹੈ ਜਿਵੇਂ ਐੱਸ ਗਰੇਡ, ਹਾਇਰਜ਼ ਜਾਂ ਅਡਵਾਂਸਡ ਹਾਇਰਜ਼
- **ਆਪਣੀ ਗਤੀ ਅਨੁਸਾਰ ਚੱਲੋ:** ਅਗਲੇਰੀ ਸਿੱਖਿਆ ਵਾਲੇ ਕਾਲਜਾਂ ਵਿਚ ਤੁਸੀਂ ਪੜਾਵਾਂ ਵਿਚ ਸਿੱਖ ਸਕਦੇ ਹੋ, ਜੇਕਰ ਤੁਸੀਂ ਚਾਹੋਂ ਤਾਂ ਹੋਰ ਅਡਵਾਂਸਡ ਕੋਰਸਾਂ ਵਿਚ ਵਾਧਾ ਕਰ ਸਕਦੇ ਹੋ। ਹਾਇਰ ਐਜੂਕੇਸ਼ਨ (ਉਚੇਰੀ ਵਿਦਿਆ) ਵਿਚ ਤੁਸੀਂ ਡਿਗਰੀ ਦੇ ਪੱਧਰ ਵਾਲੀ ਅਤੇ ਉਸ ਤੋਂ ਅੱਗੋਂ ਵਾਲੀ ਪੜ੍ਹਾਈ ਦੇ ਉਦੇਸ਼ ਨੂੰ ਲੈ ਕੇ ਯੋਗਤਾ ਦੀ ਪੌੜੀ ਉਤੇ ਥੋੜ੍ਹਾ ਜਿਹਾ ਹੋਰ ਅੱਗੇ ਚੜ੍ਹਨਾ ਸ਼ੁਰੂ ਕਰ ਸਕਦੇ ਹੋ।
- **ਉਜਲਾ ਭਵਿੱਖ:** ਲੰਮੇ ਸਮੇਂ ਲਈ ਸਿੱਖਣ ਤੋਂ ਭਾਵ ਹੈ ਤੁਹਾਡੇ ਕੋਲ ਕਿਸੇ ਜੌਬ ਦੀ ਚੋਣ ਕਰਨ ਲਈ ਬਹੁਤ ਸਾਰੀਆਂ ਜੌਬਾਂ ਹਨ ਅਤੇ ਤੁਹਾਡੇ ਵਾਸਤੇ ਤੁਹਾਡੀ ਕਮਾਈ ਦੀ ਕੋਈ ਸੀਮਾ ਨਹੀਂ ਹੈ
- **ਆਪਣੇ ਭਵਿਖ ਨੂੰ ਉਜਾਗਰ ਕਰੋ:**

# ਗਲਾਸਗੋ ਵਿਚ ਸਿੱਖਣ ਦੇ ਚੰਗੇ ਤੱਥ

- ਗਲਾਸਗੋ ਵਿਚ ਅਤੇ ਬਾਹਰ ਸਿੱਖਣ ਲਈ ਬਹੁਤ ਸਾਰੀਆਂ ਥਾਵਾਂ ਹਨ ਅਤੇ ਸੈਂਕੜੇ ਕੋਰਸ ਹਨ ਜਿਨ੍ਹਾਂ ਵਿਚੋਂ ਤੁਸੀਂ ਕੋਈ ਕੋਰਸ ਚੁਣ ਸਕਦੇ ਹੋ: **ਚਾਰ** ਯਨੀਵਰਸਿਟੀਆਂ, **ਦੋ** ਹਾਇਰ ਐਜੂਕੇਸ਼ਨ ਦੀਆਂ ਸੰਸਥਾਵਾਂ ਅਤੇ ਫਰਦਰ ਐਜੂਕੇਸ਼ਨ (ਅਗਲੇਰੀ ਸਿਖਿਆ) ਦੇ **ਨੌਂ** ਕਾਲਜ ਹਨ।
- ਜੇਕਰ ਤੁਹਾਡੇ ਕੋਲ ਕੋਈ **ਵਿਸ਼ੇਸ਼ ਯੋਗਤਾ ਜਾਂ ਵਿਸ਼ੇਸ਼ ਦਿਲਚਸਪੀ** ਹੈ ਤਾਂ ਗਲਾਸਗੋ ਹੀ ਤੁਹਾਡੇ ਲਈ ਅਜਿਹੀ ਥਾਂ ਹੈ: ਗਲਾਸਗੋ ਵਿਚ ਇਕੋ ਇਕ ਸਕੌਟਿਸ਼ ਮਿਊਜ਼ਿਕ ਕਨਸਰਵੇਟੋਇਅਰ (ਰੌਆਇਲ  ਸਕੌਟਿਸ਼ ਅਕੈਡਮੀ ਆਫ ਮਿਊਜ਼ਿਕ ਐਂਡ ਡਰਾਮਾ) ਹੈ ਅਤੇ ਆਰਟ ਸਕੂਲ (ਗਲਾਸਗੋ ਸਕੂਲ ਆਫ ਆਰਟ) ਜਿਸ ਦਾ ਡਿਜ਼ਾਇਨ ਚਾਰਲਸ ਰੈਨੀ ਮੈਕਨਟੋਸ਼ ਨੇ ਤਿਆਰ ਕੀਤਾ ਸੀ ਹਾਲੇ ਵੀ ਮੁੱਢਲੀ ਬਿਲਡਿੰਗ ਵਿਚ ਮੌਜੂਦ ਹੈ।
- ਗਲਾਸਗੋ ਦੇ ਲਰਨਿੰਗ (ਸਿੱਖਣ) ਦੇ ਅਵਸਰ **ਤੁਹਾਡੇ ਦਰਵਾਜ਼ੇ ਤੇ ਦਸਤਕ** ਦੇ ਰਹੇ ਹਨ: ਫਰਦਰ ਐਜੂਕੇਸ਼ਨ ਦੇ ਕਾਲਜ ਸਾਰੇ ਸ਼ਹਿਰ ਵਿਚ ਹਨ।
- ਤੁਸੀਂ ਅਕਾਊਂਟਿੰਗ ਤੋਂ ਲੈ ਕੇ ਜੁਔਲੋਜੀ ਤੱਕ, ਕੁਕਿੰਗ ਤੋਂ ਲੈ ਕੇ ਟੂਰਿਜ਼ਮ ਤੱਕ ਦੇ **ਕਿਸੇ ਵੀ ਵਿਸ਼ੇ ਵਿਚ ਪੜ੍ਹਾਈ ਕਰ ਸਕਦੇ ਹੋ।**
- ਤੁਸੀਂ ਅਜਿਹੇ ਕੋਰਸ ਕਰ ਸਕਦੇ ਹੋ ਜਿਹੜੇ ਤੁਹਾਨੂੰ **ਕਿਸੇ ਜੌਬ ਲਈ ਯੋਗ ਬਣਾਉਂਦੇ ਹਨ** ਜਾਂ ਅਜਿਹੇ ਵਿਸ਼ੇ ਚੁਣ ਸਕਦੇ ਹੋ ਜਿਨ੍ਹਾਂ ਬਾਰੇ ਤੁਹਾਨੂੰ ਪਤਾ ਹੈ ਕਿ ਤੁਸੀਂ ਉਨ੍ਹਾਂ ਦਾ ਆਨੰਦ ਮਾਣੋਂਗੇ ਅਤੇ **ਵੱਖ ਵੱਖ ਤਰ੍ਹਾਂ ਦੇ ਕੰਮ-ਕਿੱਤੇ ਉਪਲਬਧ ਕਰਵਾਉਣਗੇ।**

## ਤੁਹਾਡੇ ਲਈ ਸਿੱਖਣ ਦਾ ਕੰਮ ਉਪਲਬਧ ਕਰਨਾ: ਸਿੱਖਣ ਦੀ ਸਹੀ ਚੋਣ ਕਰਨ ਪ੍ਰਤੀ ਸੌਖੇ ਨੁਕਤੇ

- **ਤੱਥ ਨੂੰ ਕਲਪਨਾ ਤੋਂ ਵੱਖ ਕਰੋ:** ਆਪਣੇ ਆਪ ਨੂੰ ਰੂੜ੍ਹੀਬੱਧ ਨਾ ਬਣਨ ਦਿਓ ਜਿਵੇਂ ਯੂਨੀ ਜਾਂ ਕਾਲਿਜ ਵਿਚ ਹਰ ਕੋਈ ਬਹੁਤ ਵਧੀਆ ਹੁੰਦਾ ਹੈ, ਖਾਸ ਭਾਵਨਾਵਾਂ ਨਾਲ ਭਰਿਆ ਹੋਇਆ ਅਤੇ ਦਿਮਾਗੀ ਹੁੰਦਾ ਹੈ ਜਾਂ ਅਜਿਹੀਆਂ ਕਲਪਿਤ ਗੱਲਾਂ ਕਿ ਲੜਕੀਆਂ ਇੰਜਨੀਅਰਿੰਗ ਨਹੀਂ ਕਰ ਸਕਦੀਆਂ ਅਤੇ ਲੜਕੇ ਚਾਈਲਡ ਕੇਅਰ ਦੀ ਪੜ੍ਹਾਈ ਨਹੀਂ ਕਰ ਸਕਦੇ।
- **ਮਾਹਰਾਂ ਕੋਲੋਂ ਸਲਾਹ-ਮਸ਼ਵਰਾ ਲਵੋ:** ਤੁਹਾਡੇ ਪਾਸਟੋਰਲ ਕੇਅਰ ਟੀਚਰ ਅਤੇ ਕਰੀਅਰਜ਼ ਅਡਵਾਈਜ਼ਰ ਸਕੂਲ ਵਿਚ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪ੍ਰਤੀਨਿੱਧ ਜਿਹੜੇ ਤੁਹਾਡੇ ਵਿਚ ਦਿਲਚਸਪੀ ਰੱਖਦੇ ਹਨ, ਲੋਕਾਂ ਦੀਆਂ ਸੁਣੀਆਂ ਸੁਣਾਈਆਂ ਗੱਲਾਂ 'ਤੇ ਇਤਬਾਰ ਨਾ ਕਰੋ
- **ਸਮਾਂ ਬਤੀਤ ਕਰੋ,** ਸਾਰੀਆਂ ਔਪਸ਼ਨਾਂ (ਚੋਣਾਂ) ਤੇ ਧਿਆਨ ਪੂਰਬਕ ਢੰਗ ਨਾਲ ਗੌਰ ਕਰੋ; ਏਸ ਪੱਧਰ 'ਤੇ ਕੀਤੀ ਖੋਜ ਨਾਲ ਲਾਭ ਪ੍ਰਾਪਤ ਹੋਣਗੇ
- **ਚੰਗੀ ਚੋਣ ਕਰੋ,** ਯਥਾਰਥਿਕ ਬਣੋ, ਅਜਿਹਾ ਕੋਰਸ ਚੁਣੋ ਜੋ ਤੁਹਾਡੇ ਸਿੱਖਣ ਦੇ ਸਟਾਈਲ ਅਤੇ ਦਿਲਚਸਪੀ ਦੇ ਅਨੁਸਾਰ ਹੋਵੇ ਅਤੇ ਤੁਸੀਂ ਆਪਣੇ ਆਪ ਨੂੰ ਸਫਲਤਾ ਦਾ ਸਭ ਤੋਂ ਵਧੀਆ ਮੌਕਾ ਦੇਵੋਂਗੇ
- **ਕੰਮ ਅਤੇ ਪੜ੍ਹਾਈ ਦਾ ਸੰਤੁਲਨ:** ਇਸ ਸੰਤੁਲਨ ਨੂੰ ਸਹੀ ਰੱਖੋ ਅਤੇ ਲਾਭ ਪ੍ਰਾਪਤ ਕਰੋ, ਨਾ ਸਿਰਫ ਉਸ ਕੋਰਸ ਤੋਂ ਜੋ ਤੁਸੀਂ ਕਰ ਰਹੇ ਹੋ. ਸਗੋਂ ਕਿਉਂਕਿ ਉਸ ਤੋਂ ਸੰਭਾਵੀ ਇੰਪਲੋਇਅਰਾਂ ਦਾ ਪਤਾ ਲੱਗੇਗਾ, ਤੁਸੀਂ ਆਉਣ ਵਾਲੀ ਕੱਲ੍ਹ ਦੇ ਤਾਜੇ ਅਤੇ ਸਫਲ ਸਕੌਟਲੈਂਡ ਵਿਚ ਆਪਣੀ ਭੂਮਿਕਾ ਨਿਭਾਉਣ ਲਈ ਤਿਆਰ ਹੁੰਦੇ ਹੋ
- **ਨੋ ਪੇਨ, ਨੋ ਗੇਨ:** ਯਾਦ ਰਖੋ ਕਿ ਲਰਨਿੰਗ (ਸਿੱਖਣ) ਦੇ ਸਾਰੇ ਪੱਧਰਾਂ ਲਈ ਆਰਥਿਕ ਸਮਰਥਨ ਉਪਲਬਧ ਹੈ ਅਤੇ ਵਿਦਿਆਰਥੀ ਸਫਰ ਅਤੇ ਰਿਹਾਇਸ਼ ਵਾਸਤੇ ਸਹਾਇਤਾ ਪ੍ਰਾਪਤ ਕਰ ਸਕਦਾ ਹੈ ਪਰ ਬਹੁਤੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਪਾਰਟ ਟਾਈਮ ਕੰਮ ਵੀ ਕਰਨਾ ਪੈਂਦਾ ਹੈ।

## ਹੇਠ ਲਿਖੇ ਕਿੰਨੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਹਾਂ ਵਿਚ ਦੇ ਸਕਦੇ ਹੋ?

- ਕੀ ਤੁਸੀਂ ਕੁਝ ਅਜਿਹੀ ਪੜ੍ਹਾਈ ਕਰਨੀ ਚਾਹੁੰਦੇ ਹੋ ਜਿਸ ਦਾ ਤੁਸੀਂ ਅਨੰਦ ਮਾਣੋਂ?
- ਕੀ ਤੁਸੀਂ ਆਪਣੀਆਂ ਮੁਹਾਰਤਾਂ ਵਿਚ ਵਾਧਾ ਕਰਨਾ ਚਾਹੁੰਦੇ ਹੋ ਜਾਂ ਤੁਹਾਨੂੰ ਕਿਸੇ ਖਾਸ ਪਾਸੇ ਦਿਲਚਸਪੀ ਹੈ?
- ਕੀ ਤੁਸੀਂ ਨਵੀਆਂ ਮੁਹਾਰਤਾਂ ਨੂੰ ਸਿੱਖਣਾ ਪਸੰਦ ਕਰੋਂਗੇ?
- ਕੀ ਤੁਸੀਂ ਕਿਸੇ ਖਾਸ ਕਰੀਅਰ ਲਈ ਯੋਗ ਬਣਨਾ ਚਾਹੋਂਗੇ?
- ਕੀ ਤੁਸੀਂ ਹੋਰ ਅਡਵਾਂਸਡ (ਉਚ ਪੱਧਰੀ) ਯੋਗਤਾਵਾਂ ਨੂੰ ਮਜ਼ਬੂਤ ਕਰਨ ਲਈ ਨਾਲੋ ਨਾਲ ਪਹੁੰਚ ਪ੍ਰਾਪਤ ਕਰਨੀ ਚਾਹੋਂਗੇ?
- ਜੇਕਰ ਇਸ ਸਮੇਂ ਤੁਹਾਡੇ ਮਨ ਵਿਚ ਹਾਲੇ ਕੋਈ ਕਰੀਅਰ ਨਹੀਂ ਹੈ ਤਾਂ ਕੀ ਤੁਸੀਂ ਅਜਿਹੀਆਂ ਵੱਖ ਵੱਖ ਤਰ੍ਹਾਂ ਦੀਆਂ ਔਪਸ਼ਨਾਂ ਲੈਣੀਆਂ ਚਾਹੁੰਦੇ ਹੋ ਜਿਹੜੀਆਂ ਤੁਹਾਡੇ ਲਈ ਉਪਲਬਧ ਹਨ?
- ਕੀ ਤੁਸੀਂ ਆਪਣੇ ਕਰੀਅਰ ਦੇ ਭਵਿੱਖ ਵਿਚ ਸੁਧਾਰ ਕਰਨ ਅਤੇ ਬੇਰੁਜ਼ਗਾਰ ਬਣਨ ਦੇ ਮੌਕਿਆਂ ਨੂੰ ਘੱਟ ਕਰਨਾ ਚਾਹੁੰਦੇ ਹੋ? ਯੋਗਤਾਵਾਂ ਤੋਂ ਬਿਨਾ ਲੋਕਾਂ ਦੇ ਬੇਰੁਜ਼ਗਾਰ ਹੋਣ ਦੇ ਮੌਕੇ ਦੁੱਗਣੇ ਹੁੰਦੇ ਹਨ)।
- ਕੀ ਤੁਸੀਂ ਆਪਣੀ ਕਮਾਈ ਦੇ ਭਵਿੱਖ/ਸੰਭਾਵਨਾਵਾਂ ਵਿਚ ਸੁਧਾਰ ਕਰਨਾ ਚਾਹੁੰਦੇ ਹੋ? (ਗਰੈਜੂਏਟ ਵਿਅਕਤੀ ਦੀ ਸਲਾਨਾ ਕਮਾਈ ਨਾ-ਗਰੈਜੂਏਟ ਵਿਅਕਤੀ ਨਾਲੋਂ 50% ਜ਼ਿਆਦਾ ਹੁੰਦੀ ਹੈ।
- ਕੀ ਤੁਸੀਂ ਆਪਣੇ ਇਸ ਦੁਮੇਲ ਨੂੰ ਹੋਰ ਵਧਾਉਣਾ ਅਤੇ ਆਪਣੀਆਂ ਪੂਰੀਆਂ ਯੋਗਤਾਵਾਂ ਨੂੰ ਇਸ ਦਾ ਵਿਕਾਸ ਕਰਨਾ ਚਾਹੁੰਦੇ ਹੋ?
- ਕੀ ਤੁਸੀਂ ਹਾਸਾ-ਤਮਾਸ਼ਾ ਕਰਨਾ ਚਾਹੁੰਦੇ ਹੋ?

**ਜੇਕਰ ਤੁਸੀਂ ਇਕ ਵੀ ਪ੍ਰਸ਼ਨ ਦਾ ਉੱਤਰ ਹਾਂ ਵਿਚ ਦਿਤਾ ਹੈ ਤਾਂ ਤੁਸੀਂ ਗਲਾਸਗੋ ਦੇ ਅਪ ਫਾਰ ਲਰਨਿੰਗ ਲਈ ਪੱਕੇ ਤੌਰ ਤੇ ਤਿਆਰ ਹੋ ਕਿਉਂਕਿ**

- **ਥੋੜ੍ਹੇ-ਚਿਰ ਲਈ,** ਤੁਹਾਨੂੰ ਪਤਾ ਹੈ ਕਿ ਤੁਸੀਂ ਨਵੀਂ ਥਾਂ ਜਾਣਾ ਪਸੰਦ ਕਰੋਂਗੇ, ਨਵੀਆਂ ਚੀਜ਼ਾਂ ਵਰਤਣੀਆਂ, ਨਵੇਂ ਲੋਕਾਂ ਨੂੰ ਮਿਲਣਾ, ਆਪਣੇ ਸਮਾਜਿਕ ਜੀਵਨ ਨੂੰ ਇਕ ਨਵੇਂ ਪੱਧਰ ਤੱਕ ਪਹੁੰਚਾਣ ਦਾ ਅਤੇ ਸਾਰੇ ਤਜ਼ਰਬੇ ਦਾ ਪੂਰਾ ਆਨੰਦ ਮਾਣੋਂਗੇ: ਇਹ ਤੁਹਾਡੀ ਪਸੰਦ ਹੈ ਅਤੇ ਤੁਹਾਡੇ ਕੋਲ ਮੌਕਾ ਹੈ ਇਸ ਲਈ ਇਸ ਦਾ ਵੱਧ ਤੋਂ ਵੱਧ ਫਾਇਦਾ ਉਠਾਓ।
- **ਲੰਮੇ ਸਮੇਂ ਲਈ,** ਤੁਹਾਨੂੰ ਪਤਾ ਹੈ ਕਿ ਤੁਸੀ  ਜ਼ਿਆਦਾ ਸਿੱਖੋਂਗੇ ਤਾਂ ਜ਼ਿਆਦਾ ਕਮਾਈ ਕਰੋਂਗੇ।

**ਅਤੇ ਤੁਹਾਨੂੰ ਪਤਾ ਹੋਣਾ ਚਾਹਦਾ ਹੈ ਕਿ ਆਪਣੀ ਯੋਗਤਾ ਦਾ ਪੂਰਾ ਲਾਭ ਉਠਾਉਣ ਲਈ ਇਹ ਸਾਰਾ ਕੁਝ ਤੁਸੀਂ ਆਪਣੇ ਲਈ ਕਰਨਾ ਹੈ, ਤੁਹਾਨੂੰ ਜੌਬ ਅਤੇ ਰਹਿਣ-ਸਹਿਣ ਦੀ ਅਜਿਹੀ ਕਿਸਮ ਦਾ ਸਪਨਾ ਦਿਖਾਉਂਦਾ ਹੈ ਜਿਸ ਨੂੰ ਹਮੇਸ਼ਾਂ ਹੀ ਤੁਸੀਂ ਸਾਕਾਰ ਕਰਨਾ ਚਾਹੁੰਦੇ ਹੋ।**